# ਦ ਨੌਰਵੁੱਡ ਸਕੂਲ ਚਾਹਲ ਨੂੰ ਮਿਲੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਪੰਜਾਬ ਕ੍ਰਿਕਟ ਐਸੋਸੀਏਸ਼ਨ) ਦੀ ਮਾਨਤਾ

ਅਵਤਾਰ ਸਿੰਘ ਧੀਮਾਨ

ਬਲਾਚੌਰ/22 ਅਗਸਤ : ਦ ਨੋਰਵੁੱਡ ਸਕੂਲ, ਚਾਹਲ ਵਿੱਖੇ ਜਿਲ੍ਹਾ ਕ੍ਰਿਕਟ ਐਸੋਸਈਏਸ਼ਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸ੍ਰੀ ਪ੍ਰਵੀਨ ਸਰੀਨ ਜਨਰਲ ਸੈਕਟਰੀ, ਸ਼੍ਰੀ ਤੇਜ ਪਾਲ ਜੁਆਇੰਟ ਸੈਕਟਰੀ, ਸ੍ਰੀ ਰਾਜਨ ਅਰੋੜਾ ਵਾਇਸ ਪ੍ਰਧਾਨ, ਸ਼੍ਰੀ ਰਜਨੀਸ਼ ਗੁਪਤਾ ਵਾਇਸ ਪ੍ਰਧਾਨ ਤੇ ਕੋਚ ਸ੍ਰੀ ਜਤਿਨ ਸਾਧਰਾ ਤੇ ਸ੍ਰੀ ਕਰਨ ਕੁਮਾਰ ਜੀ ਨੇ ਸਕੂਲ ਦਾ ਦੌਰਾ ਕੀਤਾ ਤੇ ਖੇਡ ਗਰਾਊਂਡ ਦਾ ਨਿਰੀਖਣ ਕਰਕੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਮਿਲ ਰਹੀਆਂ ਸੁਵਿਧਾਵਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ। ਕੋਚ ਕਰਨ ਕੁਮਾਰ ਤੇ ਜਤਿਨ ਸਾਧਰਾ ਜੀ ਨੇ ਅੰਡਰ-14 ਤੇ ਅੰਡਰ-17 ਵਾਲੇ ਬੱਚਿਆਂ ਦੇ ਟਰਾਇਲ ਲਏ ਤੇ ਕੁੱਝ ਬੱਚਿਆਂ ਦੀ ਜਿਲ੍ਹਾ ਕ੍ਰਿਕਟ ਟੀਮ ਲਈ ਵੀ ਚੋਣ ਕੀਤੀ। ਸ੍ਰੀ ਪ੍ਰਵੀਨ ਸਰੀਨ ਤੇ ਰਜਨੀਸ਼ ਗੁਪਤਾ ਜੀ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਕੇ ਆਪਣੇ ਡਿਪਾਰਟਮੈਂਟ ਵੱਲੋਂ ਹਰ ਤਰਾਂ ਦੀ ਸੰਭਵ ਮਦਦ ਦਾ ਭਰੋਸਾ ਦਿੱਤਾ ਤੇ ਦ ਨੋਰਵੁੱਡ ਸਕੂਲ ਨੂੰ ਜਿਲ੍ਹਾ ਕ੍ਰਿਕਟ ਐਸੋਸੀਏਸ਼ਨ (ਪੰਜਾਬ ਕ੍ਰਿਕਟ ਐਸੋਸੀਏਸ਼ਨ) ਵੱਲੋਂ ਮਿਲੀ ਮਾਨਤਾ ਦੀ ਘੋਸ਼ਣਾ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਸ੍ਰੀ ਮੋਹਿਤ ਕੁਮਾਰ, ਸ੍ਰੀ ਸਤਨਾਮ ਜਲਾਲਪੁਰ, ਡਾਇਰੈਕਟਰ ਸ੍ਰੀਮਤੀ ਪੂਜਾ ਚੌਧਰੀ ਤੇ ਪ੍ਰਿੰਸੀਪਲ ਸ੍ਰੀ ਰਵਿੰਦਰ ਸਿੰਘ ਭਨੋਟ ਜੀ ਮੌਜੂਦ ਸਨ ਜਿਨ੍ਹਾਂ ਨੇ ਆਏ ਹੋਏ ਮੈਂਬਰਾ ਦਾ ਧੰਨਵਾਦ ਕੀਤਾ।